ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਟੈਕਸਟ ਬੁੱਕਸ/09/ 76533
ਮਿਤੀ ਚੰਡੀਗੜ੍ਹ 20 ਨਵੰਬਰ, 2009

ਵਿਸ਼ਾ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਨੌਵੀਂ ਜਮਾਤ ਵਿੱਚ ਪੜ੍ਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਮੁਹੱਈਆਂ ਕਰਵਾਉਣ ਬਾਰੇ ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦੇ ਅਜਿਹੇ ਵਿਦਿਆਰਥੀ ਜਿਹਨਾਂ ਦੀ ਮਾਰਚ, 2009 ਦੀ ਅੱਠਵੀਂ ਦੀ ਪ੍ਰੀਖਿਆ ਦੌਰਾਨ ਕੰਪਾਰਟਮੈਂਟ ਆਈ ਸੀ, ਪਰੰਤੂ ਉਹਨਾਂ ਨੂੰ ਪ੍ਰੀਖਿਆ ਪਾਸ ਕਰਨ ਲਈ ਫਰਵਰੀ, 2010 ਤੱਕ ਦੇ ਮੌਕੇ ਹੋਰ ਦੇਣ ਦੀ ਸ਼ਰਤ ਤੇ ਨੌਵੀਂ ਜਮਾਤ ਵਿੱਚ ਆਰਜੀ ਦਾਖਲਾ ਦੇ ਦਿੱਤਾ ਗਿਆ ਸੀ ।

2.0 ਇਹਨਾਂ ਆਰਜੀ ਤੌਰ ਤੇ ਦਾਖਲ ਹੋਏ ਬੱਚਿਆ ਵਿੱਚੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਭਲਾਈ ਵਿਭਾਗ ਵੱਲੋਂ ਮੁਫਤ ਕਿਤਾਬਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਣੀ ਸੀ ਜੋ ਕਿ ਹਾਲੇ ਤੱਕ ਨਹੀਂ ਕਰਵਾਈ ਗਈ ।

3.0 ਇਸ ਸਬੰਧ ਵਿੱਚ ਸਾਰੇ ਸਕੂਲ ਮੁੱਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਇਹੋ ਜਿਹੇ ਵਿਦਿਆਰਥੀ ਉਹਨਾਂ ਦੇ ਸਕੂਲਾਂ ਵਿੱਚ ਹਨ ਜਿਹਨਾਂ ਨੂੰ ਕਿਤਾਬਾਂ ਮਿਲਣੀਆਂ ਰਹਿੰਦੀਆਂ ਹਨ, ਦੀ ਪੂਰੀ ਜ਼ਰੂਰਤ ਬਾਰੇ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਟੈਲੀਫੋਨ ਜਾਂ ਈ-ਮੇਲ ਰਾਹੀਂ ਸੂਚਨਾ ਤੁਰੰਤ ਭੇਜ ਦਿੱਤੀ ਜਾਵੇ । ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਇਸ ਉਪਰੰਤ ਇਹ ਜਾਣਕਾਰੀ ਮੁੱਖ ਦਫਤਰ ਵਿੱਚ ਸ੍ਰੀ ਅਮਰਜੀਤ ਸਿੰਘ, ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ (ਟੈਕਸਟ ਬੁੱਕਸ) ਨੂੰ **ssapunjab123@gmail.com** ਤੇ ਈ-ਮੇਲ ਰਾਹੀਂ ਅਤੇ ਉਹਨਾਂ ਦੇ ਫੋਨ ਨੰ 94172-48104 ਤੇ ਮਿਤੀ 27.11.2009 ਤੀਕ ਭੇਜੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ